Roll No. ........................ Total Pages : 5

# 13543/NJ

**E–34/2111**

**PUNJABI COMPULSORY**

**(ELEMENTARY KNOWLEDGE)**

Paper–301A

Semester–III

Time Allowed : 3 Hours] [Maximum Marks : 35

**ਨੋਟ:** ਸਾਰੇ ਪ੍ਰਸ਼ਨ ਕਰਨੇ ਲਾਜ਼ਮੀ ਹਨ।

## ਭਾਗ-ੳ

1. ਹੇਠ ਲਿਖੀਆਂ ਵਿਚੋਂ ਕਿਸੇ **ਦੋ** ਕਵਿਤਾਵਾਂ ਦੇ ਸਾਰ ਲਿਖੋ: 5

(ੳ) ਇਸ਼ਕ ਦੀ ਨਵੀਉਂ ਨਵੀਂ ਬਹਾਰ

(ਅ) ਵੈਰੀ ਨਾਗ ਦਾ ਪਹਿਲਾ ਝਲਕਾ

(ੲ) ਤਾਜ਼ ਮਹੱਲ



(ਸ) ਗਜ਼ਲ-ਸੁਰਜੀਤ ਪਾਤਰ

(ਹ) ਅਸੀਂ ਲੜਾਂਗੇ ਸਾਥੀ।

2. ਹੇਠ ਲਿਖੀਆਂ ਵਿਚੋਂ ਕਿਸੇ **ਇਕ** ਕਾਵਿ-ਟੁਕੜੇ ਦਾ ਭਾਵ ਅਰਥ ਲਿਖੋ: 5

(ੳ) ਆਈਆਂ ਪਲਟਨਾਂ ਬੀੜ ਕੇ ਤੋਪਖਾਨੇ,
ਅੱਗੋਂ ਸਿੰਘਾਂ ਨੇ ਪਾਸੜੇ ਤੋੜ ਸੁੱਟੇ।
ਮੇਵਾ ਸਿੰਘ ਤੇ ਮਾਧੇ ਖਾਂ ਹੋਏ ਸਿੱਧੇ,
ਹੱਲੇ ਤਿੰਨ ਫਰੰਗੀ ਦੇ ਮੋੜ ਸੁੱਟੇ।

(ਅ) ਉਏ! ਮੈਂ ਪੜ੍ਹਨ-ਪੜ੍ਹਾਨ ਸਾਰਾ ਛੱਡਿਆ,
ਦਿਲ ਮੇਰਾ ਆਣ ਵਾਹੀਆਂ ਵਿੱਚ ਖੁੱਭਿਆ,
ਪੈਲੀਆਂ ਮੇਰੀਆਂ ਕਿਤਾਬਾਂ ਹੋਈਆਂ
ਜੱਟ ਬੂਟ ਮੇਰੇ ਘਾਰ ਵੇ।

(ੲ) ਕੋਈ ਮਜ਼ਬੂਰੀ ਨਹੀਂ, ਜੇ ਦਿਲ ਕਰੇ ਤਾਂ ਖ਼ਤ ਲਿਖੀਂ,
ਰਿਸ਼ਤੀਆਂ ਦੀ ਭੀੜ 'ਚੋਂ ਫੁਰਸਤ ਮਿਲੇ ਤਾਂ ਧਤ ਲਿਖੀਂ।
ਕੌਣ ਜ਼ਸਨਾਂ ਵਿੱਚ ਕਿਸੇ ਨੂੰ, ਚਿੱਤ ਧਰੇ ਚੇਤੇ ਕਰੇ
ਜ਼ਿੰਦਗੀ 'ਚ ਜਦ ਕਦੇ ਤਲਖੀ ਵਧੇ ਤਾਂ ਖਤ ਲਿਖੀਂ।

### ਭਾਗ-ਅ

3. ਹੇਠ ਲਿਖੇ ਅਸ਼ੁੱਧ ਸ਼ਬਦਾਂ ਵਿਚੋਂ ਕਿਸੇ **ਦਸ** ਸ਼ਬਦਾਂ ਦੇ ਸ਼ਬਦ-ਜੋੜ ਸ਼ੁੱਧ ਕਰਕੇ ਲਿਖੋ: 5

(ੳ) ਦੁਧ

(ਅ) ਸੇਹਤ

(ੲ) ਵੇਹਲਾ

(ਸ) ਸੋਹਣਾ

(ਹ) ਸੌਹਰਾ

(ਕ) ਬੌਹਤ

(ਖ) ਹੜ

(ਗ) ਇਤਹਾਸ

(ਘ) ਮੇਹਨਤ

(ਙ) ਸਹਮਤ

(ਚ) ਕਚੈਰੀ

(ਛ) ਆਵਾਜ਼



(ਜ) ਪ੍ਰਲੋਕ

(ਝ) ਔਗੁਨ

(ਞ) ਰਾਜਨੀਤਕ।

4. ਹੇਠ ਲਿਖੇ ਪੈਰ੍ਹੇ ਵਿਚ ਵਿਸ਼ਰਾਮ ਚਿੰਨ੍ਹਾਂ ਦੀ ਵਰਤੋਂ ਕਰੋ: 5

ਅਚਾਨਕ ਉਸਦੀ ਚੇਤਨਾ ਜਾਗ ਉੱਠਦੀ ਹੈ ਤਾਜ ਮਹੱਲ ਦੇ ਗੁੰਬਦ ਦਾ ਆਂਡਾ ਭਾਵ ਦਿਸਦੇ ਯਥਾਰਥ ਦਾ ਭਰਮ ਟੁੱਟ ਜਾਂਦਾ ਹੈ ਇਸ ਖੂਬਸੂਰਤ ਤਾਜ ਮੱਹਲ ਦੀ ਸਿਰਜਣਾ ਪਿਛੇ ਸ਼ਾਹ ਜਹਾਨ ਦੀ ਥਾਵੇਂ ਹਜ਼ਾਰਾਂ ਮਜ਼ਦੂਰ ਮਜ਼ਦੂਰਨੀਆਂ ਨਜ਼ਰ ਆਉਣ ਲੱਗ ਪੈਂਦੇ ਹਨ ਅਤੇ ਖੂਬਸੂਰਤੀ ਦੇ ਪਿੱਛੇ ਮਜ਼ਦੂਰਾਂ ਦਾ ਸ਼ੋਸ਼ਣ ਅਤੇ ਸ਼ੋਸ਼ਣ ਕਰਨ ਹਿੱਤ ਕੀਤਾ ਤਸ਼ੱਦਦ ਸਾਹਮਣੇ ਆ ਜਾਂਦਾ ਹੈ।

5. 'ਵਿਦਿਆਰਥੀ ਜੀਵਨ ਵਿੱਚ ਕੰਪਿਊਟਰ ਦਾ ਮਹੱਤਵ' ਵਿਸ਼ੇ ਉੱਤੇ ਪੈਰ੍ਹਾਂ ਰਚਨਾ ਕਰੋ: 5

### ਭਾਗ-ੲ

6. ਹੇਠ ਲਿਖੇ ਸਾਰੇ ਪ੍ਰਸ਼ਨਾਂ ਦੇ ਉੱਤਰ ਸੰਖੇਪ ਵਿਚ ਦਿਓ: $10 \times 1 = 10$

(i) 'ਪੰਚ ਰਾਸੀ' ਤੋਂ ਕੀ ਭਾਵ ਹੈ?

(ii) 'ਵੰਝਲੀ' ਕਿਸਨੂੰ ਕਹਿੰਦੇ ਹਨ?

(iii) 'ਕਾਦਰ' ਤੋਂ ਕੀ ਭਾਵ ਹੈ?

(iv) 'ਛਿੰਝ' ਕੀ ਹੁੰਦੀ ਹੈ?

(v) 'ਤਾਜ ਮਹੱਲ' ਕਿਸ ਦੀ ਰਚਨਾ ਹੈ?

(vi) 'ਕੈਦੋ' ਕੌਣ ਸੀ?

(vii) ਹਰਭਜਨ ਸਿੰਘ ਦੀਆਂ ਦੋ ਕਾਵਿ-ਪੁਸਤਕਾਂ ਦੇ ਨਾਂ ਲਿਖੋ।

(viii) ਜਗਤਾਰ ਦੀ ਗਜ਼ਲ ਦੇ ਮੁੱਖ ਭਾਵ ਦੱਸੋ।

(ix) 'ਬਿਰਹੋਂ ਦਾ ਕਵੀ' ਕਿਸ ਕਵੀ ਨੂੰ ਆਖਿਆ ਜਾਂਦਾ ਹੈ?

(x) ਪਾਸ਼ ਕਿਸ ਕਾਵਿ-ਧਾਰਾ ਦਾ ਕਵੀ ਹੈ?